BIBLE
316

# ਬਾਈਬਲ ਕੀ ਹੈ?

**ਬਾਈਬਲ ਕੀ ਹੈ?** ਇਹ ਪਰਮੇਸ਼ੁਰ ਤੁਹਾਡੇ ਨਾਲ ਗੱਲ ਕਰ ਰਿਹਾ ਹੈ। ਇਹ ਸਿਰਫ਼ ਪਰਮੇਸ਼ੁਰ ਬਾਰੇ ਨਹੀਂ ਹੈ। ਇਹ ਪਰਮੇਸ਼ੁਰ ਵੱਲੋਂ ਹੈ। ਇਹ ਪ੍ਰੇਰਣਾ ਤੋਂ ਕਿਤੇ ਵੱਧ ਕੇ ਹੈ। ਬਾਈਬਲ ਪਰਮੇਸ਼ੁਰ ਦੇ ਆਤਮਾ ਦੀ ਪ੍ਰੇਰਣਾ ਨਾਲ ਲਿਖੀ ਗਈ ਹੈ। ਇਸ ਨੂੰ ਪੜ੍ਹੋ। ਇਸ ਨੂੰ ਸੁਣੋ। ਇਸ ਬਾਰੇ ਸੋਚੋ। ਇਸ ਤੋਂ ਸਿੱਖੋ। ਇਸ ਨੂੰ ਆਪਣੇ ਜੀਵਨ ਵਿੱਚ ਲਾਗੂ ਕਰੋ। ਰਸੂਲ ਪਤਰਸ ਨੇ ਲਿਖਿਆ, *"ਨਵਿਆਂ ਜੰਮਿਆਂ ਹੋਇਆਂ ਬੱਚਿਆਂ ਵਾਂਗਰ ਆਤਮਕ ਅਤੇ ਖਾਲਸ ਦੁੱਧ ਦੀ ਲੋਚ ਕਰੋ ਭਈ ਤੁਸੀਂ ਓਸ ਨਾਲ ਮੁਕਤੀ ਲਈ ਵਧਦੇ ਜਾਓ"* 1 ਪਤਰਸ 2:2.

**ਬਾਈਬਲ ਨੂੰ ਕਿਹੜੀ ਚੀਜ਼ ਵਿਲੱਖਣ ਬਣਾਉਂਦੀ ਹੈ?** ਬਾਈਬਲ ਦੀਆਂ 66 ਪੁਸਤਕਾਂ ਤਿੰਨ ਭਾਸ਼ਾਵਾਂ (ਇਬਰਾਨੀ, ਅਰਾਮੀ ਅਤੇ ਯੂਨਾਨੀ) ਵਿੱਚ ਚਾਲੀ ਤੋਂ ਵੱਧ ਮਨੁੱਖਾਂ ਦੁਆਰਾ ਲਗਭਗ 1,600 ਸਾਲਾਂ ਦੇ ਸਮੇਂ ਵਿੱਚ ਲਿਖੀਆਂ ਗਈਆਂ ਸਨ ਅਤੇ ਸਦੀਆਂ ਤੋਂ ਇੱਕ ਸਮਾਨ ਅਤੇ ਇਕਸਾਰ ਵਿਸ਼ੇ ਤੇ ਲਿਖੀਆਂ ਗਈਆਂ ਸਨ। ਨਵੇਂ ਨੇਮ ਨੂੰ 5,000 ਤੋਂ ਵੱਧ ਪੁਰਾਤਨ ਪੂਰੀਆਂ ਜਾਂ ਅਧੂਰੀਆਂ ਹੱਥ-ਲਿਖਤਾਂ ਦੁਆਰਾ ਪ੍ਰਮਾਣਿਤ ਕੀਤਾ ਗਿਆ ਹੈ। ਬਾਈਬਲ ਦੀ ਸਟੀਕਤਾ ਇਸ ਦੀ ਪੂਰੀ ਹੋਈ ਨਬੂਵਤ, ਆਧੁਨਿਕ ਪੁਰਾਤੱਤਵ ਖੋਜਾਂ, ਭੂਗੋਲਿਕ ਸਟੀਕਤਾ ਅਤੇ ਕਹਾਉਤਾਂ ਦੀ ਸਦੀਵੀ ਬੁੱਧ ਦੀਆਂ ਗੱਲਾਂ ਨਾਲ ਪ੍ਰਮਾਣਿਤ ਹੋਈ ਹੈ। ਬਾਈਬਲ ਹੁਣ ਤੱਕ ਲਿਖੀ ਗਈ ਸਭ ਤੋਂ ਮਹੱਤਵਪੂਰਣ ਅਤੇ ਪ੍ਰਭਾਵਸ਼ਾਲੀ ਪੁਸਤਕ ਹੈ। ਕਿਸੇ ਵੀ ਹੋਰ ਪੁਸਤਕ ਦੀਆਂ ਕਦੇ ਇੰਨੀਆਂ ਕਾਪੀਆਂ ਨਹੀਂ ਛਪੀਆਂ, ਕੋਈ ਵੀ ਹੋਰ ਪੁਸਤਕ ਦੁਨੀਆਂ ਭਰ ਵਿੱਚ ਇੰਨੀ ਨਹੀਂ ਵੰਡੀ ਗਈ, ਕਿਸੇ ਵੀ ਹੋਰ ਪੁਸਤਕ ਦਾ ਕਦੇ ਇੰਨੀਆਂ ਭਾਸ਼ਾਵਾਂ ਵਿੱਚ ਅਨੁਵਾਦ ਨਹੀਂ ਕੀਤਾ ਗਿਆ, ਨਾ ਹੀ ਕਿਸੇ ਹੋਰ ਪੁਸਤਕ ਨੇ ਕਦੇ ਸ਼ਕਤੀਸ਼ਾਲੀ ਢੰਗ ਨਾਲ ਇੰਨੇ ਜੀਵਨਾਂ ਨੂੰ ਬਦਲਿਆ ਹੈ ਅਤੇ ਕੋਈ ਹੋਰ ਪੁਸਤਕ ਇੰਨੀਆਂ ਸਦੀਆਂ ਤੱਕ ਟਿਕੀ ਨਹੀਂ ਰਹੀ। ਬਾਈਬਲ ਹੀ ਇੱਕ ਸਰਵਉੱਚ ਅਧਿਕਾਰ ਹੈ ਜਿਸ ਤੇ ਸਾਨੂੰ ਵਿਸ਼ਵਾਸ ਕਰਨਾ ਚਾਹੀਦਾ ਹੈ ਅਤੇ ਇਸ ਦੇ ਅਨੁਸਾਰ ਆਪਣਾ ਜੀਵਨ ਬਤੀਤ ਕਰਨਾ ਚਾਹੀਦਾ ਹੈ। ਬਾਈਬਲ ਹੋਰ ਸਾਰੀਆਂ ਪੁਸਤਕਾਂ ਤੋਂ ਉੱਪਰ ਹੈ।

**ਬਾਈਬਲ ਦੀਆਂ ਵਿਸ਼ੇਸ਼ਤਾਵਾਂ ਕੀ ਹਨ?**

ਬਾਈਬਲ ਪਰਮੇਸ਼ੁਰ ਦੇ ਆਤਮਾ ਦੀ ਪ੍ਰੇਰਣਾ ਨਾਲ ਲਿਖੀ ਗਈ ਹੈ। *"ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ"* 2 ਤਿਮੋਥਿਉਸ 3:16.

ਬਾਈਬਲ ਸਚਿਆਈ ਹੈ। ਯਿਸੂ ਨੇ ਪ੍ਰਾਰਥਨਾ ਕੀਤੀ, *"ਓਹਨਾਂ ਨੂੰ ਸਚਿਆਈ ਨਾਲ ਪਵਿੱਤ੍ਰ ਕਰ। ਤੇਰਾ ਬਚਨ ਸਚਿਆਈ ਹੈ"* ਯੂਹੰਨਾ 17:17.

ਬਾਈਬਲ ਹਰ ਛੋਟੀ-ਛੋਟੀ ਗੱਲ ਦੇ ਵੇਰਵੇ ਵਿੱਚ ਸਟੀਕ ਹੈ। ਯਿਸੂ ਨੇ ਕਿਹਾ, *"ਕਿਉਂ ਜੋ ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਜਿੰਨਾ ਚਿਰ ਅਕਾਸ਼ ਅਤੇ ਧਰਤੀ ਟਲ ਨਾ ਜਾਣ ਇੱਕ ਅੱਖਰ ਯਾ ਇੱਕ ਬਿੰਦੀ ਵੀ ਤੁਰੇਤ ਦੀ ਨਾ ਟਲੇਗੀ ਜਦ ਤੀਕ ਸਭ ਕੁਝ ਪੂਰਾ ਨਾ ਹੋਵੇ"* ਮੱਤੀ 5:18. ਮੂਲ ਹੱਥ-ਲਿਖਤਾਂ ਦੀ ਸਟੀਕਤਾ ਨੂੰ ਇਸ ਤਰ੍ਹਾਂ ਬਣਾਈ ਰੱਖਿਆ ਗਿਆ ਹੈ ਕਿ ਅੱਜ ਦੇ ਸਭ ਤੋਂ ਉੱਤਮ ਸ਼ਬਦ-ਦਰ-ਸ਼ਬਦ ਅਨੁਵਾਦ 99 ਪ੍ਰਤੀਸ਼ਤ ਤੋਂ ਵੱਧ ਸਟੀਕ ਹਨ।

ਬਾਈਬਲ ਪਾਕ ਹੈ। *"ਯਹੋਵਾਹ ਦੇ ਬਚਨ ਪਾਕ ਬਚਨ ਹਨ, ਉਸ ਚਾਂਦੀ ਵਰਗੇ ਜਿਹੜੀ ਮਿੱਟੀ ਦੀ ਭੱਠੀ ਵਿੱਚ ਤਾਈ ਹੋਈ ਹੈ, ਅਤੇ ਸੱਤ ਵਾਰੀ ਨਿਰਮਲ ਕੀਤੀ ਹੋਈ ਹੈ"* ਜ਼ਬੂਰ 12:6.

ਬਾਈਬਲ ਸਦੀਪਕ ਹੈ। *"ਘਾਹ ਸੁੱਕ ਜਾਂਦਾ ਅਤੇ ਫੁੱਲ ਕੁਮਲਾ ਜਾਂਦਾ ਹੈ, ਪਰ ਸਾਡੇ ਪਰਮੇਸ਼ੁਰ ਦਾ ਬਚਨ ਸਦਾ ਤੀਕ ਕਾਇਮ ਰਹੇਗਾ"* ਯਸਾਯਾਹ 40:8. ਬਾਈਬਲ ਅੱਜ ਵੀ ਓਨੀ ਹੀ ਢੁੱਕਵੀਂ ਹੈ ਜਿੰਨੀ ਉਦੋਂ ਸੀ ਜਦੋਂ ਇਹ ਪਹਿਲੀ ਵਾਰ ਲਿਖੀ ਗਈ ਸੀ।

ਬਾਈਬਲ ਸ਼ਕਤੀਸ਼ਾਲੀ ਹੈ। ਇਬਰਾਨੀਆਂ 4:12, *"ਕਿਉਂ ਜੋ ਪਰਮੇਸ਼ੁਰ ਦਾ ਬਚਨ ਜੀਉਂਦਾ ਅਤੇ ਗੁਣਕਾਰ ਅਤੇ ਹਰੇਕ ਦੋ ਧਾਰੀ ਤਲਵਾਰ ਨਾਲੋਂ ਤਿੱਖਾ ਅਤੇ ਜੀਵ ਅਤੇ ਆਤਮਾ ਨੂੰ ਅਰ ਬੰਦ ਬੰਦ ਅਤੇ ਗੁੱਦੇ ਨੂੰ ਅੱਡੋ ਅੱਡ ਕਰ ਕੇ ਵਿੰਨ੍ਹ ਸੁੱਟਦਾ ਹੈ ਅਤੇ ਮਨ ਦੀਆਂ ਵਿਚਾਰਾਂ ਅਤੇ ਧਾਰਨਾਂ ਨੂੰ ਜਾਚ ਲੈਂਦਾ ਹੈ।"*

**ਬਾਈਬਲ ਤੋਂ ਕਿਹੜੇ ਨਿੱਜੀ ਲਾਭ ਮਿਲਦੇ ਹਨ?**

ਬਾਈਬਲ ਸਾਨੂੰ ਤਿਆਰ ਕਰਦੀ ਹੈ। *"ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ ਭਈ ਪਰਮੇਸ਼ੁਰ ਦਾ ਬੰਦਾ ਕਾਬਲ ਅਤੇ ਹਰੇਕ ਭਲੇ ਕੰਮ ਲਈ ਤਿਆਰ ਕੀਤਾ ਹੋਇਆ ਹੋਵੇ"* 2 ਤਿਮੋਥਿਉਸ 3:16-17.

ਬਾਈਬਲ ਸਾਨੂੰ ਪਾਪ ਕਰਨ ਤੋਂ ਰੋਕਣ ਵਿੱਚ ਮਦਦ ਕਰਦੀ ਹੈ। ਜ਼ਬੂਰ 119:9, 11 ਸਾਨੂੰ ਦੱਸਦਾ ਹੈ ਕਿ ਇਹ ਕਿਵੇਂ ਕਰਨਾ ਹੈ। *"ਜੁਆਨ ਕਿਦਾਂ ਆਪਣੀ ਚਾਲ ਨੂੰ ਸੁੱਧ ਰੱਖੇ? ਉਹ ਤੇਰੇ ਬਚਨ ਦੇ ਅਨੁਸਾਰ ਉਹ ਦੀ ਚੌਕਸੀ ਕਰੇ। ਅਤੇ ਮੈਂ ਤੇਰੇ ਬਚਨ ਨੂੰ ਆਪਣੇ ਮਨ ਵਿੱਚ ਜਮਾ ਕਰ ਲਿਆ, ਤਾਂ ਜੋ ਤੇਰਾ ਪਾਪ ਨਾ ਕਰਾਂ!"*

ਬਾਈਬਲ ਸਾਨੂੰ ਅੱਜ (ਸਾਡੇ ਅਗਲੇ ਕਦਮ) ਲਈ ਮਾਰਗਦਰਸ਼ਨ ਅਤੇ ਸਾਡੇ ਭਵਿੱਖ ਲਈ ਦਿਸ਼ਾ (ਅੱਗੇ ਵਧਣ ਦਾ ਰਸਤਾ) ਦਿੰਦੀ ਹੈ। *"ਤੇਰਾ ਬਚਨ ਮੇਰੇ ਪੈਰਾਂ ਲਈ ਦੀਪਕ, ਅਤੇ ਮੇਰੇ ਰਾਹ ਦਾ ਚਾਨਣ ਹੈ"* ਜ਼ਬੂਰ 119:105.

ਬਾਈਬਲ ਬੁੱਧ ਦਿੰਦੀ ਹੈ। *"ਤੇਰੇ ਬਚਨਾਂ ਦਾ ਖੋਲ੍ਹਣਾ ਚਾਨਣ ਦਿੰਦਾ ਹੈ, ਉਹ ਸਿੱਧੇ ਸਾਧੇ ਲੋਕਾਂ ਨੂੰ ਸਮਝ ਬਖ਼ਸ਼ਦਾ ਹੈ"* ਜ਼ਬੂਰ 119:130. ਪੁਰਾਣੇ ਨੇਮ ਦੀ ਕਹਾਉਤਾਂ ਦੀ ਪੁਸਤਕ ਵਿੱਚ ਸਦੀਵੀ ਬੁੱਧ ਮਿਲਦੀ ਹੈ।

ਬਾਈਬਲ ਮੁਸ਼ਕਲਾਂ ਵਿੱਚੋਂ ਬਾਹਰ ਨਿੱਕਲਣ ਵਿੱਚ ਸਾਡੀ ਮਦਦ ਕਰਦੀ ਹੈ। ਜ਼ਬੂਰ 119:50 ਸਾਨੂੰ ਉਤਸ਼ਾਹਿਤ ਕਰਦਾ ਹੈ, *"ਏਹੀ ਮੇਰੇ ਦੁਖ ਵਿੱਚ ਮੇਰੀ ਤਸੱਲੀ ਹੈ, ਭਈ ਤੇਰੇ ਬਚਨ ਨੇ ਮੈਨੂੰ ਜਿਵਾਲਿਆ ਹੈ।"*

ਬਾਈਬਲ ਆਸ ਦਿੰਦੀ ਹੈ। *"ਕਿਉਂਕਿ ਜੋ ਕੁਝ ਅੱਗੇ ਲਿਖਿਆ ਗਿਆ [ਪੁਰਾਣੇ ਨੇਮ ਦਾ ਹਵਾਲਾ ਦਿੰਦੇ ਹੋਏ] ਸੋ ਸਾਡੀ ਸਿੱਖਿਆ ਦੇ ਲਈ ਲਿਖਿਆ ਗਿਆ ਭਈ ਅਸੀਂ ਧੀਰਜ ਤੋਂ ਅਤੇ ਧਰਮ ਪੁਸਤਕ ਦੇ ਦਿਲਾਸੇ ਤੋਂ ਆਸਾ ਰੱਖੀਏ"* ਰੋਮੀਆਂ 15:4.

ਬਾਈਬਲ ਸ਼ਾਂਤੀ ਦਿੰਦੀ ਹੈ। ਜ਼ਬੂਰ 119:165 ਵਾਅਦਾ ਕਰਦਾ ਹੈ, *"ਤੇਰੀ ਬਿਵਸਥਾ ਦੇ ਪ੍ਰੇਮੀਆਂ ਨੂੰ ਵੱਡਾ ਚੈਨ ਹੈ, ਅਤੇ ਉਨ੍ਹਾਂ ਨੂੰ ਕੋਈ ਠੋਕਰ ਨਹੀਂ ਲੱਗਦੀ।"*

ਬਾਈਬਲ ਅਨੰਦ ਲਿਆਉਂਦੀ ਹੈ। ਯਿਰਮਿਯਾਹ 15:16 ਇੱਕ ਉਦਾਹਰਣ ਦਿੰਦਾ ਹੈ, *"ਤੇਰੀਆਂ ਗੱਲਾਂ ਮੇਰੇ ਲਈ ਖੁਸ਼ੀ, ਅਤੇ ਮੇਰੇ ਦਿਲ ਦਾ ਅਨੰਦ ਸਨ, ਕਿਉਂ ਜੋ ਮੈਂ ਤੇਰੇ ਨਾਮ ਦਾ ਅਖਵਾਉਂਦਾ ਹਾਂ।"*

**ਕਿਸੇ ਨੂੰ ਬਾਈਬਲ ਕਿਵੇਂ ਪੜ੍ਹਨੀ ਜਾਂ ਸੁਣਨੀ ਚਾਹੀਦੀ ਹੈ?** ਇੱਕ ਤੋਂ ਵੱਧ ਆਇਤਾਂ ਦੀ ਜਾਂਚ ਕਰੋ। *"ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ,"* 2 ਤਿਮੋਥਿਉਸ 3:16 ਦੇ ਚਾਰ ਉਦੇਸ਼ਾਂ ਤੇ ਵਿਚਾਰ ਕਰੋ। ਜਦੋਂ ਤੁਸੀਂ ਬਾਈਬਲ ਪੜ੍ਹਦੇ ਜਾਂ ਸੁਣਦੇ ਹੋ, ਇਹ ਚਾਰ ਸਵਾਲ ਪੁੱਛੋ। ਇਹ ਮੈਨੂੰ ਕੀ ਸਿਖਾਉਂਦੀ ਹੈ? ਇਹ ਮੈਨੂੰ ਕਿਵੇਂ ਤਾੜਦੀ ਹੈ? ਮੈਨੂੰ ਕਿਹੜੀਆਂ ਗੱਲਾਂ ਵਿੱਚ ਸੁਧਾਰ ਕਰਨ ਦੀ ਲੋੜ ਹੈ? ਇਹ ਮੈਨੂੰ ਹੋਰ ਧਰਮੀ ਬਣਨ ਲਈ ਕਿਵੇਂ ਸਿਖਲਾਈ ਦਿੰਦੀ ਹੈ?

**ਜੇ ਮੇਰੇ ਕੋਲ ਬਾਈਬਲ ਨਾ ਹੋਵੇ ਤਾਂ ਕੀ ਹੋਵੇਗਾ?** ਬਾਈਬਲ ਦਾ ਇੱਕ ਚੰਗਾ ਅਨੁਵਾਦ ਖਰੀਦਣ ਲਈ ਹਰ ਸੰਭਵ ਕੋਸ਼ਿਸ਼ ਕਰੋ। ਜੇ ਤੁਸੀਂ ਇੱਕ ਚੰਗਾ ਅਨੁਵਾਦ ਨਹੀਂ ਖਰੀਦ ਸਕਦੇ, ਤਾਂ ਔਨਲਾਈਨ ਪੜ੍ਹਨ ਜਾਂ ਸੁਣਨ ਲਈ ਬਹੁਤ ਸਾਰੇ ਅਨੁਵਾਦ ਮੁਫਤ ਵਿੱਚ ਉਪਲਬਧ ਹਨ। ਕਿਸੇ ਦੋਸਤ ਜਾਂ ਦੋਸਤਾਂ ਨਾਲ ਇੱਕ ਬਾਈਬਲ ਖਰੀਦਣ ਅਤੇ ਇਸ ਨੂੰ ਸਾਂਝਾ ਕਰਨ ਬਾਰੇ ਵਿਚਾਰ ਕਰੋ। ਜਾਂ ਆਪਣੀ ਕਲੀਸੀਆ ਜਾਂ ਸਾਥੀ ਵਿਸ਼ਵਾਸੀਆਂ ਨੂੰ ਕਹੋ ਕਿ ਉਹ ਇੱਕ ਵਿਅਕਤੀ ਨੂੰ ਸਮੂਹ ਦੇ ਸਾਹਮਣੇ ਬਾਈਬਲ ਪੜ੍ਹਨ ਦੇ ਲਈ ਕਹਿਣ ਅਤੇ ਧਿਆਨ ਨਾਲ ਸੁਣਨ। *"ਧੰਨ ਹੋਣਗੇ ਓਹ ਜਿਹੜੇ ਪਰਮੇਸ਼ੁਰ ਦਾ ਬਚਨ ਸੁਣਦੇ ਅਤੇ ਉਸ ਨੂੰ ਮੰਨਦੇ ਹਨ [ਇਸ ਦੀ ਪਾਲਣਾ ਕਰਦੇ ਹਨ ਅਤੇ ਇਸ ਦੇ ਅਨੁਸਾਰ ਕਰਦੇ ਹਨ]"* ਲੂਕਾ 11:28.

**ਬਾਈਬਲ ਦੇ ਉਪਦੇਸ਼ਕਾਂ ਅਤੇ ਆਗੂਆਂ ਲਈ ਕੁਝ ਖ਼ਾਸ ਆਇਤਾਂ ਕਿਹੜੀਆਂ ਹਨ?** ਬਚਨ ਵਿੱਚ ਬਣੇ ਰਹਿ ਕੇ (ਬਚਨ ਅਨੁਸਾਰ ਜੀ ਕੇ) ਯਿਸੂ ਦੇ ਚੇਲੇ ਬਣੋ। *"ਤਾਂ ਯਿਸੂ ਨੇ ਉਨ੍ਹਾਂ ਯਹੂਦੀਆਂ ਨੂੰ ਜਿਨ੍ਹਾਂ ਉਹ ਦੀ ਪਰਤੀਤ ਕੀਤੀ ਸੀ ਆਖਿਆ, 'ਜੇ ਤੁਸੀਂ ਮੇਰੇ ਬਚਨ ਤੇ ਖਲੋਤੇ ਰਹੋ ਤਾਂ ਠੀਕ ਤੁਸੀਂ ਮੇਰੇ ਚੇਲੇ ਹੋ'"* ਯੂਹੰਨਾ 8:31. ਬਾਈਬਲ ਦਾ ਅਧਿਐਨ ਕਰੋ ਤਾਂ ਜੋ ਤੁਸੀਂ ਪਰਵਾਨ ਹੋਵੋ। *"ਆਪਣੇ ਆਪ ਨੂੰ ਪਰਮੇਸ਼ੁਰ ਦੇ ਅੱਗੇ ਪਰਵਾਨ ਅਤੇ ਅਜਿਹਾ ਕਾਰੀਗਰ ਠਹਿਰਾਉਣ ਦਾ ਜਤਨ ਕਰ ਜਿਹ ਨੂੰ ਲੱਜਿਆਵਾਨ ਨਾ ਹੋਣਾ ਪਵੇ ਅਤੇ ਜਿਹੜਾ ਸਚਿਆਈ ਦੇ ਬਚਨ ਦਾ ਜਥਾਰਥ ਵਖਿਆਣ ਕਰਨ ਵਾਲਾ ਹੋਵੇ"* 2 ਤਿਮੋਥਿਉਸ 2:15.

**ਬਾਈਬਲ ਸਦੀਵੀ ਤੌਰ ਤੇ ਮਹੱਤਵਪੂਰਣ ਕਿਉਂ ਹੈ?** ਰਸੂਲ ਯੂਹੰਨਾ ਨੇ ਆਪਣੀ ਇੰਜੀਲ ਦੇ ਵਿਰਤਾਂਤ ਲਿਖਣ ਦੇ ਆਪਣੇ ਉਦੇਸ਼ ਬਾਰੇ ਦੱਸਿਆ। ਇਹ ਉਦੇਸ਼ ਸਾਰੀ ਬਾਈਬਲ ਤੇ ਲਾਗੂ ਕੀਤਾ ਜਾ ਸਕਦਾ ਹੈ। *"ਯਿਸੂ ਨੇ ਹੋਰ ਵੀ ਬਾਹਲੇ ਨਿਸ਼ਾਨ ਚੇਲਿਆਂ ਦੇ ਸਾਹਮਣੇ ਵਿਖਾਏ ਜੋ ਇਸ ਪੁਸਤਕ ਵਿੱਚ ਨਹੀਂ ਲਿਖੇ ਗਏ; ਪਰ ਏਹ ਇਸ ਲਈ ਲਿਖੇ ਗਏ ਭਈ ਤੁਸੀਂ ਪਰਤੀਤ ਕਰੋ ਕਿ ਯਿਸੂ ਜਿਹੜਾ ਹੈ ਉਹੋ ਮਸੀਹ ਪਰਮੇਸ਼ੁਰ ਦਾ ਪੁੱਤ੍ਰ ਹੈ, ਨਾਲੇ ਪਰਤੀਤ ਕਰ ਕੇ ਉਹ ਦੇ ਨਾਮ ਤੋਂ ਜੀਉਣ ਨੂੰ ਪ੍ਰਾਪਤ ਕਰੋ"* ਯੂਹੰਨਾ 20:30-31. ਕਿਵੇਂ? ਤੁਸੀਂ ਯਿਸੂ ਉੱਤੇ ਕਿਵੇਂ ਵਿਸ਼ਵਾਸ ਕਰਦੇ ਹੋ ਅਤੇ ਸਦੀਪਕ ਜੀਵਨ ਕਿਵੇਂ ਪ੍ਰਾਪਤ ਕਰਦੇ ਹੋ? www.Gospel316.org 'ਤੇ ਜਾਣੋ।

**"ਘਾਹ ਸੁੱਕ ਜਾਂਦਾ ਅਤੇ ਫੁੱਲ ਕੁਮਲਾ ਜਾਂਦਾ ਹੈ, ਪਰ ਸਾਡੇ ਪਰਮੇਸ਼ੁਰ ਦਾ ਬਚਨ ਸਦਾ ਤੀਕ ਕਾਇਮ ਰਹੇਗਾ।" ਯਸਾਯਾਹ 40:8**

*ਬਾਈਬਲ ਕੀ ਹੈ?* © 2025 ਜੌਨ ਡੀ. ਮੌਰਿਸ III ਦੁਆਰਾ, ਐਕਟਸ ਵਨ ਏਟ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ਹੈ। ਤੁਸੀਂ ਇਸ ਪੂਰੇ ਬਿਆਨ ਸਮੇਤ ਇਸ ਸਮੱਗਰੀ ਨੂੰ ਬਿਨਾਂ ਕਿਸੇ ਬਦਲਾਅ ਦੇ ਮੁਫ਼ਤ ਵਿੱਚ ਛਾਪ ਸਕਦੇ ਹੋ, ਕਾਪੀ ਕਰ ਸਕਦੇ ਹੋ, ਪੋਸਟ ਕਰ ਸਕਦੇ ਹੋ, ਈਮੇਲ ਕਰ ਸਕਦੇ ਹੋ ਜਾਂ ਸੁਨੇਹੇ ਵਜੋਂ ਭੇਜ ਸਕਦੇ ਹੋ। ਤੁਸੀਂ ਪੰਨਾ ਇੱਕ ਦੇ ਉੱਪਰ ਆਪਣੀ ਸੇਵਕਾਈ ਜਾਂ ਚਰਚ ਦਾ ਨਾਮ ਜਾਂ ਲੋਗੋ ਜੋੜ ਸਕਦੇ ਹੋ ਅਤੇ ਪੰਨਾ ਦੋ ਦੇ ਹੇਠਾਂ ਠੋਸ ਲਾਈਨ ਦੇ ਉੱਪਰ ਆਪਣੀ ਸੰਪਰਕ ਜਾਣਕਾਰੀ ਜੋੜ ਸਕਦੇ ਹੋ। Bible316 ਸਿਰਫ਼ ਬਾਈਬਲ 'ਤੇ ਅਧਾਰਤ ਹੈ। ਇਹ ਲੋਕਾਂ ਦੀ ਯਿਸੂ ਮਸੀਹ ਉੱਤੇ ਵਿਸ਼ਵਾਸ ਕਰਨ ਅਤੇ ਫਿਰ ਉਸਦੇ ਚੇਲੇ ਬਣਨ ਵਿੱਚ ਮਦਦ ਕਰਨ ਲਈ ਮੌਜੂਦ ਹੈ। ਤੁਸੀਂ ਐਕਟਸ ਵਨ ਏਟ ਨੂੰ (ਜੇ ਸੰਭਵ ਹੋਵੇ ਤਾਂ ਅੰਗਰੇਜ਼ੀ ਵਿੱਚ) ਈਮੇਲ ਕਰ ਸਕਦੇ ਹੋ: Hello@Mail316.org. ਗੈਰ-ਅੰਗਰੇਜ਼ੀ ਸੰਸਕਰਣਾਂ ਲਈ ਅਨੁਵਾਦ ਸੇਵਾਵਾਂ www.ChristianLingua.com ਦੁਆਰਾ ਪ੍ਰਦਾਨ ਕੀਤੀਆਂ ਗਈਆਂ ਸਨ। ਬਾਈਬਲ ਕੀ ਹੈ? 48 ਭਾਸ਼ਾਵਾਂ ਵਿੱਚ www.Bible316.org 'ਤੇ ਮੁਫਤ ਉਪਲਬਧ ਹੈ। ਅੰਗਰੇਜ਼ੀ ਸੰਸਕਰਣ ਵਿੱਚ ਬਾਈਬਲ ਦੇ ਹਵਾਲੇ ਦ ਲੌਕਮੈਨ ਫਾਊਂਡੇਸ਼ਨ ਦੇ ਨਿਊ ਅਮਰੀਕਨ ਸਟੈਂਡਰਡ ਬਾਈਬਲ 1995 ਤੋਂ ਲਏ ਗਏ ਹਨ। ਇਸ ਅਨੁਵਾਦ ਵਿੱਚ ਬਾਈਬਲ ਦੇ ਹਵਾਲੇ Punjabi-OV (ਪੰਜਾਬੀ ਬਾਈਬਲ ਦੇ ਪੁਰਾਣੇ ਸੰਸਕਰਣ) ਤੋਂ ਲਏ ਗਏ ਹਨ।